੧੫੯

ਜਾਤ ਪਾਤ

(ਲੇਖਕ: ਸੋਹਣ ਸਿੰਘ ਸੀਤਲ)

ਗੁਰਬਾਣੀ ਮਨੁੱਖ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਦੀ ਹੈ: ਗੁਰਮੁਖ ਤੇ ਮਨਮੁਖ, ਭਗਤ ਤੇ ਸੰਸਾਰੀ। ਦੂਸਰੇ ਸ਼ਬਦਾਂ ਵਿੱਚ ਕਿਰਤੀ ਤੇ ਮਾਇਆਧਾਰੀ। ਦੋਹਾਂ ਬਾਰੇ ਰਾਏ ਵੀ ਬੜੇ ਸਾਫ਼ ਸ਼ਬਦਾਂ ਵਿੱਚ ਪ੍ਰਗਟ ਕਰਦੀ ਹੈ। ਜਿੱਥੇ ਮਾਇਆਧਾਰੀ ਨੂੰ ਅੰਨ੍ਹਾ ਬੋਲਾ ਕਿਹਾ ਹੈ, ਓਥੇ ਕਿਰਤੀ ਨੂੰ ''ਰੱਬ ਦੇ ਰਾਹ ਚੱਲਣ ਵਾਲਾ''। ਕਿਰਤੀ ਉਹ ਹੈ, ਜੋ ਧਰਮ ਦੀ ਕਿਰਤ (ਦਸਾਂ ਨੌਹਾਂ ਦੀ ਕਮਾਈ) ਕਰਦਾ ਹੈ। ਮਾਇਆਧਾਰੀ ਉਹ ਹੈ, ਜੋ ਹੱਥੀਂ ਕੁਝ ਨਹੀਂ ਕਰਦਾ, ਪਰ ਕਿਰਤੀ ਦੀ ਬਹੁਤੀ ਕਮਾਈ ਆਪ ਹੜੱਪ ਜਾਂਦਾ ਹੈ ਕਿਉਂਕਿ ਕਿਰਤ ਦੇ ਸਾਧਨਾਂ ਉਤੇ ਉਸਦਾ ਇਕਵੱਲਾ ਅਧਿਕਾਰ ਹੈ।

ਮਾਇਆਧਾਰੀ ਨੇ ਆਪਣੇ ਮਨੋਰਥ ਬਦਲੇ ਮਨੁੱਖ ਨੂੰ ਕਈ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ। ਸਭ ਤੋਂ ਪਹਿਲਾਂ ਉਸਨੇ ਚਾਰ ਵਰਣ (ਬ੍ਰਾਹਮਣ, ਛੱਤਰੀ, ਵੈਸ਼, ਸ਼ੂਦਰ) ਥਾਪੇ। ਫਿਰ ਅੱਗੇ ਹਰ ਵਰਣ ਨੂੰ ਵੱਖ ਵੱਖ ਜਾਤਾਂ ਗੋਤਾਂ ਵਿੱਚ ਵੰਡ ਦਿੱਤਾ। ਇੱਥੇ ਹੀ ਬੱਸ ਨਹੀਂ, ਉਸ ਨੇ ਸ਼੍ਰੇਣੀਆਂ ਦੇ ਦਰਜੇ ਵੀ ਮਿਥ ਦਿੱਤੇ। ਇਹ ਜਾਤੀ ਉੱਤਮ ਹੈ, ਇਹ ਉਸ ਤੋਂ ਨੀਵੀਂ ਹੈ, ਇਹ ਉਸ ਤੋਂ ਵੀ ਨੀਵੀਂ ਹੈ ਤੇ ਅੱਗੇ ਇੱਕ ਤੋਂ ਦੂਸਰੀ ਹੋਰ ਨੀਵੀਂ, ਨੀਵੀਂ ਤੋਂ ਵੀ ਨੀਵੀਂ।

ਉਸ ਨੇ ਇੱਕ ਹੋਰ ਮਾਰੂ ਚਾਲ ਵੀ ਚੱਲੀ : ਜਾਤੀ ਜਨਮ ਤੋਂ ਮੰਨੀ ਤੇ ਹਰ ਜਾਤੀ ਵਾਸਤੇ ਵੱਖਰਾ ਵੱਖਰਾ ਕਿੱਤਾ ਵੀ ਨੀਯਤ ਕਰ ਦਿੱਤਾ। ਕੋਈ ਮਨੁੱਖ, ਭਾਵੇਂ ਉਹ ਕਿਸੇ ਤਰ੍ਹਾਂ ਦੇ ਗੁਣਾਂ ਦਾ ਮਾਲਕ ਹੋਵੇ, ਨਾ ਜਾਤ ਬਦਲ ਸਕਦਾ ਸੀ, ਨਾ ਮਾਪਿਆਂ ਵਾਲਾ ਕਿੱਤਾ।

ਦੂਸਰੇ ਸ਼ਬਦਾਂ ਵਿੱਚ ਜਾਤ ਪਾਤ ਤੇ ਸ਼੍ਰੇਣੀ ਵੰਡ ਦੀਆਂ ਅਜਿਹੀਆਂ ਪੱਕੀਆਂ ਜ਼ੰਜੀਰਾਂ ਮਨੁੱਖੀ ਸਮਾਜ ਨੂੰ ਪਾ ਦਿੱਤੀਆਂ ਸਨ, ਜਿੰਨ੍ਹਾਂ ਵਿੱਚ ਜਕੜਿਆ ਉਹ ਹਿੱਲ ਨਹੀਂ ਸੀ ਸਕਦਾ। ਕੇਵਲ ਜਾਤ ਪਾਤ ਦੇ ਬੰਧਨ ਤੋੜਨ ਨਾਲ ਹੀ ਉਹ ਜ਼ੰਜੀਰਾਂ ਟੁੱਟ ਸਕਦੀਆਂ ਸਨ ਤੇ ਕਿਰਤ ਦੇ ਸਾਧਨ ਆਜ਼ਾਦ ਹੋ ਸਕਦੇ ਸਨ। ਸਿੱਖੀ ਨੇ ਸਭ ਤੋਂ ਪਹਿਲਾਂ ਇਸ ਜਾਤ ਪਾਤ ਦੇ ਵਹਿਮ ਦੇ ਵਿਰੁੱਧ ਅੰਦੋਲਨ ਆਰੰਭ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਕਿਹਾ, ਜਾਤ ਜਨਮ ਤੋਂ ਨਹੀਂ, ਕਰਮ ਤੋਂ ਹੁੰਦੀ ਹੈ। ਜਿਹੋ ਜਿਹੇ ਕੋਈ ਕਰਮ ਕਰੇ, ਉਹੋ ਜਿਹੀ ਉਸਦੀ ਜਾਤ (ਸ਼੍ਰੇਣੀ-ਦਰਜਾ) ਮੰਨਣੀ ਚਾਹੀਦੀ ਹੈ।

- ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥
ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ॥ (੧੩੩੦)

- ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥
ਆਪਹੁ ਜੇ ਕੋ ਭਲਾ ਕਹਾਏ॥ ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥ (੮੩)

ਜਾਤ ਦਾ ਹੰਕਾਰ ਤੇ ਨਾਮ (ਵਡੱਪਣ ਦਾ ਹੰਕਾਰ) ਵਿਅਰਥ ਹੈ। ਸਭਨਾਂ ਜੀਆਂ ਦੀ ਇਕੋ ਨੁਹਾਰ (ਆਤਮਾ, ਆਸਰਾ) ਹੈ। ਜੇ ਕੋਈ ਆਪਣੇ ਆਪ ਨੂੰ ਚੰਗਾ ਅਖਵਾਏ, ਤਾਂ ਆਖਣ ਨਾਲ ਚੰਗਾ ਨਹੀਂ ਬਣ ਜਾਂਦਾ। ਹੇ ਨਾਨਕ! ਚੰਗਾ ਤਾਂ ਤਦ ਜਾਪੇ, ਜੇ ਲੇਖਾ ਦੇਣ ਵੇਲੇ ਅਗਲੀ ਦਰਗਾਹੇ ਆਦਰ ਪਾ ਸਕੇ।

- ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (੩੪੯)

ਅੱਗੇ ਜਾਤਿ ਨਹੀਂ ਪੁੱਛੀ ਜਾਂਦੀ, ਜੋਤਿ (ਆਤਮਾ) ਦੀ ਪਛਾਣ ਹੁੰਦੀ ਹੈ। ਕਿਉਂਕਿ ਅੱਗੇ ਜਾਤ ਪਾਤ ਹੈ ਹੀ ਨਹੀਂ।

– ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ (੪੬੯)

ਰੱਬ ਦੀ ਦਰਗਾਹੇ ਨਾ ਉੱਚੀ ਜਾਤ ਦਾ ਮਾਣ, ਨਾ ਕਿਸੇ ਦਾ ਜ਼ੋਰ (ਧੱਕਾ) ਚਲ ਸਕਦਾ ਹੈ। ਅੱਗੇ ਤਾਂ ਨਵੇਂ (ਓਪਰੇ) ਜੀਆਂ ਨਾਲ ਵਾਹ ਪੈਂਦਾ ਹੈ। ਉਥੇ ਉਹ ਚੰਗੇ ਹਨ, ਜੋ ਚੰਗੇ ਕਰਮ ਕਰਕੇ ਆਪਣੀ ਪਤਿ (ਇੱਜ਼ਤ) ਬਣਾ ਲੈਂਦੇ ਹਨ।

ਉਸ ਵੇਲੇ ਦੋਹਾਂ ਵੱਡੇ ਧਰਮਾਂ (ਹਿੰਦੂ ਤੇ ਮੁਸਲਮਾਨ) ਵਿੱਚ ਬੜੀ ਖਿੱਚੋਤਾਣ ਸੀ। ਦੋਵੇਂ ਆਪੋ ਆਪਣਾ ਰਸਤਾ ਠੀਕ ਤੇ ਦੂਜੇ ਦਾ ਗ਼ਲਤ ਸਮਝਦੇ ਸਨ। ਗੁਰਦੇਵ ਫ਼ੁਰਮਾਉਂਦੇ ਹਨ ਕਿ ਹਿੰਦੂ ਹੋਵੇ ਭਾਵੇਂ ਮੁਸਲਮਾਨ (ਭਾਵੇਂ ਕੋਈ ਹੋਰ ਧਰਮ ਨੂੰ ਮੰਨਣ ਵਾਲਾ) ਚੰਗੇ ਅਮਲਾਂ ਦੁਆਰਾ ਹੀ ਉਹ ਈਸ਼ਵਰ ਦੀ ਦਰਗਾਹ ਵਿੱਚ ਮਾਣ ਪਾ ਸਕਦਾ ਹੈ।

– ਏਥੈ ਜਾਣੈ ਸੁ ਜਾਇ ਸਿਵਾਣੈ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥
ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥
ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥ (੯੫੨)

ਇੱਥੇ (ਇਸ ਜਨਮ ਵਿੱਚ) ਜੋ ਵਾਹਿਗੁਰੂ ਨੂੰ ਜਾਣਦਾ ਹੈ, ਉਹ ਅੱਗੇ ਜਾ ਕੇ ਵੀ ਪਛਾਣ ਲਵੇਗਾ। ਕਿਉਂਕਿ ਸਾਰਿਆਂ ਦਾ (ਪ੍ਰਭੂ ਦੇ ਦਰਿ) ਦਰਬਾਰ ਵਿੱਚ ਲੇਖਾ ਹੋਣਾ ਹੈ ਤੇ ਉਥੇ ਕਰਣੀ (ਚੰਗੇ ਕਰਮ) ਬਿਨਾਂ ਕੋਈ ਤਰ ਨਹੀਂ ਸਕਦਾ। ਹੋਰ ਹਿੰਦੂ ਹੋਣਾ ਜਾਂ ਮੁਸਲਮਾਨ ਹੋਣਾ, ਇਹ ਤਾਂ ਵਾਧੂ ਦੀਆਂ ਫੜ੍ਹਾਂ (ਫਕੜ) ਮਾਰਨੀਆਂ ਹਨ। ਜੋ ਸੱਚੇ ਰੱਬ ਨੂੰ ਯਾਦ ਕਰਦਾ ਹੈ, ਉਸ ਨੂੰ ਅੱਗੇ ਕੋਈ ਹਿਸਾਬ ਨਹੀਂ ਪੁੱਛ ਸਕਦਾ। ਉਹ ਤਰ ਜਾਂਦਾ ਹੈ।

ਛੂਤ ਛਾਤ ਤੇ ਜਾਤ ਪਾਤ ਦਾ ਵਿਰੋਧ ਕਰਦੇ ਹੋਏ ਗੁਰੂ ਮਹਾਰਾਜ ਕਹਿੰਦੇ ਹਨ, "ਮੈਂ ਤਾਂ ਸੰਗੀ ਸਾਥੀ ਹੀ ਉਨ੍ਹਾਂ ਦਾ ਹਾਂ, ਜਿੰਨ੍ਹਾਂ ਨੂੰ ਉੱਚ ਜਾਤੀਏ ਨੀਚ ਕਹਿੰਦੇ ਹਨ ਕਿਉਂਕਿ ਉਹ ਅਕਾਲ ਪੁਰਖ ਦੀ ਮਿਹਰ ਦੇ ਪਾਤਰ ਹਨ।"

– ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (੧੫)

ਆਖ਼ਰੀ ਸਵਾਲ ਹੋ ਸਕਦਾ ਸੀ ਕਿ ਜਾਤ ਪਾਤ ਨੂੰ ਨਾ ਮੰਨਣ ਵਾਲੇ ਨਾਨਕ! ਤੇਰੀ ਆਪਣੀ ਜਾਤ ਕੀ ਹੈ? ਉੱਤਰ ਵਜੋਂ ਹਜ਼ੂਰ ਪ੍ਰਭੂ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ:

– ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥ (੩੫੮)

ਤੀਸਰੇ ਪਾਤਸ਼ਾਹ ਕਹਿੰਦੇ ਹਨ ਕਿ ਅੱਗੇ ਕੋਈ ਜਾਤ ਪਾਤ ਨਹੀਂ ਮੰਨੀ ਜਾਵੇਗੀ। ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਉਸਨੂੰ ਸਮਝਿਆ ਜਾਵੇਗਾ।

– ਆਗੈ ਜਾਤਿ ਰੂਪੁ ਨ ਜਾਇ॥ ਤੇਹਾ ਹੋਵੈ ਜੇਹੇ ਕਰਮ ਕਮਾਇ॥ (੩੬੩)

ਉੱਚੀ ਜਾਤ ਦਾ ਅਭਿਮਾਨ ਕਰਨ ਵਾਲੇ ਨੂੰ ਗੁਰਦੇਵ ਕਹਿੰਦੇ ਹਨ ਕਿ ਜਿਸਦੀ ਸੋਇ (ਸੋਭਾ) ਉੱਤਮ ਹੈ, ਉਸੇ ਦੀ ਜਾਤ ਉੱਤਮ ਸਮਝੀ ਜਾਣੀ ਚਾਹੀਦੀ ਹੈ। ਭਾਵ, ਜਾਤ ਜਨਮ ਤੋਂ ਨਹੀਂ, ਕਰਮ ਤੋਂ ਮੰਨਣੀ ਚਾਹੀਦੀ ਹੈ।

– ਊਤਮ ਜਾਤੀ ਊਤਮੁ ਸੋਇ॥ ਗੁਰ ਪਉੜੀ ਸਭ ਦੂ ਊਚਾ ਹੋਇ॥ ਨਾਨਕ ਨਾਮਿ ਵਡਾਈ ਹੋਇ॥ (੩੬੩)

ਇੱਕ ਥਾਂ ਹਜ਼ੂਰ ਹੋਰ ਕਹਿੰਦੇ ਹਨ:

– ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ॥ (੧੦੯੪)

ਫਿਰ ਹਜ਼ੂਰ ਉਪਦੇਸ਼ ਵਜੋਂ ਕਹਿੰਦੇ ਹਨ:

- ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥ ਘਟਿ ਵਧਿ ਕੋ ਕਰੈ ਬੀਚਾਰਾ॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥ (੧੧੨੭)

ਗੁਰੂ ਗੋਬਿੰਦ ਸਿੰਘ ਜੀ ਤਾਂ ਮਨੁੱਖ ਦੀ ਕੋਈ ਜਾਤ ਮੰਨਦੇ ਹੀ ਨਹੀਂ।

- ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ (ਅਕਾਲ ਉਸਤਤਿ ਪਾ:੧੦)

ਸ਼੍ਰੇਣੀ ਵੰਡ ਕਰਨ ਵਾਲਿਆਂ ਨੇ ਇਸਤਰੀ ਨੂੰ ਤਾਂ ਉੱਕਾ "ਅਛੂਤ" ਹੀ ਕਰਾਰ ਦੇ ਦਿੱਤਾ, ਭਾਵੇਂ ਉਹ ਕਿਸੇ ਜਾਤੀ ਵਿੱਚੋਂ ਵੀ ਹੋਵੇ। ਗੁਰਦੇਵ ਨੇ ਇਸ ਦੇ ਵਿਰੁੱਧ ਵੀ ਆਵਾਜ਼ ਉਠਾਈ।

- ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ (੪੭੩)

ਭਗਤ ਨਾਮਦੇਵ ਜੀ ਬੜੇ ਨਰਮ ਸੁਭਾਅ ਦੇ ਸਨ। ਉਹ ਜਾਤ ਪਾਤ ਦੇ ਵਿਰੁੱਧ ਗਿਲ੍ਹਾ ਵੀ ਕਰਦੇ ਹਨ, ਤਾਂ ਬੜੀ ਨਰਮ ਬੋਲੀ ਵਿੱਚ।

- ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥ (੧੧੬੪)

ਪਰ ਕਬੀਰ ਜੀ ਬੜਾ ਤਿੱਖਾ ਕਹਿਣ ਵਾਲੇ ਸਨ। ਬਨਾਰਸ ਵਿੱਚ ਰਹਿੰਦੇ ਹੋਣ ਕਰਕੇ, ਉਨ੍ਹਾਂ ਦੀ ਪੰਡਤਾਂ ਨਾਲ ਆਮ ਚਰਚਾ ਹੁੰਦੀ ਰਹਿੰਦੀ ਸੀ। ਇਸ ਵਿਸ਼ੇ ਉਤੇ ਉਹ ਜਾਤ ਅਭਿਮਾਨੀ ਪੰਡਿਤ ਦੀ ਖ਼ੂਬ ਖਿੱਲੀ ਉਡਾਉਂਦੇ ਸਨ:

- ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ ਬਾਮਨ ਕਹਿ ਕਹਿ ਜਨਮੁ ਮਤ ਖੋਏ॥ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ (੩੨੪)

ਪੰਡਤ ਕਬੀਰ ਨੂੰ ਨੀਵੀਂ ਜਾਤ ਦਾ ਤਾਹਨਾ ਦਿਆ ਕਰਦੇ ਸਨ। ਪਰ ਉਹ ਨੀਵੀਂ ਜਾਤ ਉਤੇ ਹੀ ਮਾਣ ਕਰਦੇ ਹਨ।

- ਓਛੀ ਮਤਿ ਮੇਰੀ ਜਾਤਿ ਜੁਲਾਹਾ॥ ਹਰਿ ਕਾ ਨਾਮੁ ਲਹਿਓ ਮੈ ਲਾਹਾ॥ (੫੨੪)